# ਨਿਊਜ਼ ਰੀਲੀਜ਼

1400 Independence Ave. SW
Washington, DC 20250

ਸੰਪਰਕ:
FPAC.BC.Press@usda.gov

## ਵਿੱਤੀ ਸਹਾਇਤਾ ਅਰਜ਼ੀਪ੍ਰਕਿਰਿਆ ਉਹਨਾਂ USDA ਫਾਰਮ ਲੋਨ ਕਰਜ਼ਦਾਰਾਂ ਲਈ ਖੁੱਲ ਗਈਹੈ ਜਿੰਨ੍ਹਾਂ ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪਿਆ ਹੈ

**ਵਾਸ਼ਿੰਗਟਨ, 7 ਜੁਲਾਈ, 2023** – ਅੱਜ, ਯੂ.ਐਸ. ਖੇਤੀਬਾੜੀ ਵਿਭਾਗ (USDA) ਨੇ ਉਹਨਾਂ ਯੋਗ ਕਿਸਾਨਾਂ, ਪਸ਼ੂਪਾਲਕਾਂ, ਅਤੇ ਜੰਗਲਾਤ ਜ਼ਿਮੀਂਦਾਰਾਂ ਵਾਸਤੇ ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆ ਨੂੰ ਖੋਲ੍ਹਣ ਦੀ ਘੋਸ਼ਣਾ ਕੀਤੀ ਜਿੰਨ੍ਹਾਂ ਨੇ ਜਨਵਰੀ 2021 ਤੋਂ ਪਹਿਲਾਂ USDA ਫਾਰਮ ਕਰਜ਼ਾਦੇਣ ਦੇ ਪ੍ਰੋਗਰਾਮਾਂ ਵਿੱਚ ਭੇਦਭਾਵ ਦਾ ਅਨੁਭਵ ਕੀਤਾ ਸੀ। ਮਹਿੰਗਾਈ ਕਟੌਤੀ ਐਕਟ (IRA) ਦੀ ਧਾਰਾ 22007 USDA ਨੂੰ ਇਹ ਸਹਾਇਤਾ ਪ੍ਰਦਾਨ ਕਰਨ ਦਾ ਨਿਰਦੇਸ਼ ਦਿੰਦੀ ਹੈ। ਕਨੂੰਨ ਦੇ ਪਾਸ ਹੋਣ ਤੋਂ ਬਾਅਦ, USDA ਨੇ ਮਹੱਤਵਪੂਰਨ ਹਿੱਸੇਦਾਰਾਂ ਦੇ ਦਵਾਰਾ ਦਿੱਤੀ ਗਈ ਜਾਣਕਾਰੀ ਅਨੁਸਾਰ ਪ੍ਰੋਗਰਾਮ ਨੂੰ ਡਿਜ਼ਾਈਨ ਕਰਨ ਲਈ ਲਗਨ ਨਾਲ ਕੰਮ ਕੀਤਾ ਹੈ।

ਖੇਤੀਬਾੜੀ ਸਕੱਤਰ ਟੌਮ ਵਿਲਸੈਕ ਨੇ ਕਿਹਾ, "ਅਰਜ਼ੀ ਪ੍ਰਕਿਰਿਆ ਦੀਸ਼ੁਰੂਆਤਉਹਨਾਂ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ ਜਿਨ੍ਹਾਂ ਨੂੰ USDA ਦੇ ਫਾਰਮ ਕਰਜ਼ੇ ਵਿੱਚ ਭੇਦਭਾਵ ਦਾ ਸਾਹਮਣਾ ਕਰਨਾ ਪਿਆ, ਜਿੰਨੀ ਤੇਜ਼ੀ ਨਾਲ ਅਤੇ ਕੁਸ਼ਲਤਾ ਨਾਲ ਸੰਭਵ ਹੋ ਸਕੇ," । "USDA ਇਹ ਯਕੀਨੀ ਬਣਾਉਣ ਲਈ ਸਾਡੇ ਕੌਮੀ ਵਿਕਰੇਤਾ ਭਾਈਵਾਲਾਂ ਅਤੇ ਭਾਈਚਾਰਾ-ਆਧਾਰਿਤ ਸੰਸਥਾਵਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ ਕਿ ਯੋਗ ਕਿਸਾਨਾਂ, ਪਸ਼ੂਪਾਲਕਾਂ, ਅਤੇ ਜੰਗਲਾਤ ਜ਼ਿਮੀਂਦਾਰਾਂ ਨੂੰ ਇਸ ਬਾਰੇ ਸਪੱਸ਼ਟ ਜਾਣਕਾਰੀ ਹੋਵੇ ਕਿ ਉਹਨਾਂ ਕੋਲ ਕੀ ਉਪਲਬਧ ਹੈ, ਅਰਜ਼ੀ ਕਿਵੇਂ ਦੇਣੀ ਹੈ, ਅਤੇ ਰਸਤੇ ਦੇ ਹਰੇਕ ਕਦਮ ਤੇ ਉਹਨਾਂ ਦੇ ਸਵਾਲਾਂ ਦੇ ਸਬੰਧ ਵਿੱਚ ਸਹਾਇਤਾ ਕਿੱਥੋਂ ਪ੍ਰਾਪਤ ਕਰਨੀ ਹੈ।"

ਪ੍ਰੋਗਰਾਮ ਦੀ ਵੈੱਬਸਾਈਟ, 22007apply.gov, ਹੁਣ ਖੁੱਲ੍ਹੀ ਹੈ। ਵੈੱਬਸਾਈਟ ਵਿੱਚ ਸ਼ਾਮਲ ਹਨ ਇੱਕ ਅੰਗਰੇਜ਼ੀ- ਅਤੇ ਸਪੈਨਿਸ਼-ਭਾਸ਼ਾ ਦੀ ਅਰਜ਼ੀ ਜਿਸ ਨੂੰ ਬਿਨੈਕਾਰ ਇੱਕ ਈ-ਫਾਈਲਿੰਗ ਪੋਰਟਲ ਰਾਹੀਂ ਡਾਊਨਲੋਡ ਜਾਂ ਜਮ੍ਹਾਂ ਕਰ ਸਕਦੇ ਹਨ, ਵਿਅਕਤੀਗਤ ਤੌਰ ਤੇ ਜਾਂ ਵਰਚੁਅਲ ਤੌਰ ਤੇ ਤਕਨੀਕੀ ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ, ਅਤੇ ਪ੍ਰੋਗਰਾਮ ਬਾਰੇ ਵਾਧੂ ਸਰੋਤ ਅਤੇ ਵੇਰਵੇ ।

ਉਹ ਕਿਸਾਨ, ਪਸ਼ੂ ਪਾਲਕ, ਅਤੇ ਜੰਗਲਾਤ ਜ਼ਿਮੀਂਦਾਰ ਜਿੰਨ੍ਹਾਂ ਨੇ 1 ਜਨਵਰੀ, 2021 ਤੋਂ ਪਹਿਲਾਂ ਆਪਣੇ ਫਾਰਮ ਕਰਜ਼ੇ ਦੇ ਪ੍ਰੋਗਰਾਮਾਂ ਵਿੱਚ USDA ਦੁਆਰਾ ਭੇਦਭਾਵ ਦਾ ਅਨੁਭਵ ਕੀਤਾ ਸੀ ਅਤੇ/ਜਾਂ ਵਰਤਮਾਨ ਸਮੇਂ USDA ਫਾਰਮ ਕਰਜ਼ੇ ਦੇ ਨਾਲ ਕਰਜ਼ਦਾਰ ਹਨ ਜਿਹੜਾ USDA ਭੇਦਭਾਵ ਦਾ ਵਿਸ਼ਾ ਸੀ ਜੋ 1 ਜਨਵਰੀ, 2021 ਤੋਂ ਪਹਿਲਾਂ ਵਾਪਰਿਆ ਸੀ, ਇਸ ਪ੍ਰੋਗਰਾਮ ਵਾਸਤੇ ਯੋਗ ਹਨ।

ਅਰਜ਼ੀ ਦੇਣ ਲਈ, ਕਰਜ਼ਦਾਰਾਂ ਕੋਲ 22007apply.gov ਤੇ ਈ-ਫਾਈਲਿੰਗ ਪੋਰਟਲ ਰਾਹੀਂ ਅਰਜ਼ੀ ਦੇਣ ਜਾਂ ਪ੍ਰੋਗਰਾਮ ਦੇ ਸਥਾਨਕ ਦਫਤਰਾਂ ਵਿੱਚ ਡਾਕ ਰਾਹੀਂ ਜਾਂ ਵਿਅਕਤੀਗਤ ਡਿਲੀਵਰੀ ਰਾਹੀਂ ਕਾਗਜ਼-ਆਧਾਰਿਤ ਫਾਰਮ ਜਮ੍ਹਾਂ ਕਰਨ ਦਾ ਵਿਕਲਪ ਹੈ। ਅਰਜ਼ੀ ਪ੍ਰਕਿਰਿਆ 7 ਜੁਲਾਈ ਤੋਂ 31 ਅਕਤੂਬਰ, 2023 ਤੱਕ ਖੁੱਲ੍ਹੀ ਰਹੇਗੀ। ਯੋਜਨਾਬੱਧ ਸਮਾਂ-ਸੀਮਾ ਦੇ ਤਹਿਤ, ਨਵੰਬਰ ਅਤੇ ਦਸੰਬਰ ਵਿੱਚ ਅਰਜ਼ੀਆਂ ਦੀ ਸਮੀਖਿਆ ਕੀਤੀ ਜਾਵੇਗੀ, ਜਿਸ ਦੇ ਬਾਅਦ ਪ੍ਰਾਪਤਕਰਤਾਵਾਂ ਤੱਕ ਭੁਗਤਾਨ ਜਲਦ ਹੀ ਪਹੁੰਚ ਜਾਣਗੇ। ਮਹੱਤਵਪੂਰਨ ਗੱਲ ਇਹ ਹੈ ਕਿ ਬਿਨੈਕਾਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਰਜ਼ੀ ਦੀ ਪ੍ਰਕਿਰਿਆ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਤੇ ਨਹੀਂ ਹੈ। 31 ਅਕਤੂਬਰ ਦੀ ਅੰਤਿਮ ਮਿਤੀ ਤੋਂ ਪਹਿਲਾਂ ਪ੍ਰਾਪਤ ਹੋਈਆਂ ਜਾਂ ਪੋਸਟਮਾਰਕ ਕੀਤੀਆਂ ਗਈਆਂ ਸਾਰੀਆਂ ਅਰਜ਼ੀਆਂ ਤੇ ਵਿਚਾਰ ਕੀਤਾ ਜਾਵੇਗਾ।

ਸਾਰੀ ਅਰਜ਼ੀ ਪ੍ਰਕਿਰਿਆ ਦੌਰਾਨ ਉਤਪਾਦਕਾਂ ਦੀ ਸਹਾਇਤਾ ਕਰਨ ਲਈ, USDA ਇਹ ਯਕੀਨੀ ਬਣਾ ਰਿਹਾ ਹੈ ਕਿ ਫਾਰਮ ਸੰਸਥਾਵਾਂ ਤੱਕ ਪਹੁੰਚ ਦਾ ਸੰਚਾਲਨ ਕਰਨ ਦੇ ਵਿਸਤਰਿਤ ਤਜ਼ਰਬੇ ਵਾਲੀਆਂ ਸੰਸਥਾਵਾਂ ਉਹਨਾਂ ਵਿਅਕਤੀ ਵਿਸ਼ੇਸ਼ਾਂ ਦੀ ਸਹਾਇਤਾ ਕਰਨ ਦੇ ਯੋਗ ਹੋਣ ਜੋ ਪ੍ਰੋਗਰਾਮ ਵਾਸਤੇ ਯੋਗ ਹੋ ਸਕਦੇ ਹਨ। ਇਹਨਾਂ ਗਰੁੱਪਾਂ ਵਿੱਚ ਸ਼ਾਮਲ ਹਨ ਐਗਰੇਬਿਲਟੀ, ਫਾਰਮਰ ਵੈਟਰਨ ਕੋਲੀਸ਼ਨ, ਫਾਰਮਰਜ਼ ਲੀਗਲ ਐਕਸ਼ਨ ਗਰੁੱਪ, ਫੈਡਰੇਸ਼ਨ ਆਫ ਸਾਊਦਰਨ ਕੋਆਪਰੇਟਿਵਜ਼, ਇੰਟਰਐਬਲ ਐਗਰੀਕਲਚਰ ਕੌਂਸਲ, ਲੈਂਡ ਲੌਸ ਪ੍ਰੀਵੈਨਸ਼ਨ ਪ੍ਰੋਗਰਾਮ, ਨੈਸ਼ਨਲ ਯੰਗ ਫਾਰਮਰਜ਼ ਕੋਲੀਸ਼ਨ, ਅਤੇ ਰੂਰਲ ਕੋਲੀਸ਼ਨ।

ਚਾਰ ਖੇਤਰੀ ਕੇਂਦਰਾਂ ਨੂੰ ਚਲਾਉਣ ਵਾਲੇ ਵਿਕਰੇਤਾ ਵੀ ਤਕਨੀਕੀ ਸਹਾਇਤਾ ਪ੍ਰਦਾਨ ਕਰ ਰਹੇ ਹਨ ਅਤੇ ਡਿਜੀਟਲ ਅਤੇ ਜ਼ਮੀਨੀ ਪੱਧਰ ਦੀਆਂ ਰਣਨੀਤੀਆਂ ਦੀ ਵਰਤੋਂ ਕਰਕੇ ਆਊਟਰੀਚ ਦਾ ਸੰਚਾਲਨ ਕਰਨ ਲਈ ਇਹਨਾਂ ਅਤੇ ਹੋਰ ਭਾਈਚਾਰਾ-ਆਧਾਰਿਤ ਸੰਸਥਾਵਾਂ ਨਾਲ ਨੇੜਿਓਂ ਕੰਮ ਕਰ ਰਹੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੰਭਾਵੀ ਬਿਨੈਕਾਰਾਂ ਨੂੰ ਪ੍ਰੋਗਰਾਮ ਬਾਰੇ ਸੂਚਿਤ ਕੀਤਾ ਜਾ ਸਕੇ ਅਤੇ ਉਹਨਾਂ ਕੋਲ ਅਰਜ਼ੀ ਦੇਣ ਦਾ ਮੌਕਾ ਹੋਵੇ । ਇਹ ਕੇਂਦਰ ਬ੍ਰਿਕ -ਅਤੇ-ਮੋਰਟਾਰ ਪ੍ਰੋਗਰਾਮ ਦਫਤਰਾਂ ਦੇ ਇੱਕ ਨੈੱਟਵਰਕ ਦਾ ਸੰਚਾਲਨ ਕਰ ਰਹੇ ਹਨ ਅਤੇ ਪ੍ਰੋਗਰਾਮ ਬਾਰੇ ਵਿਸਤਰਿਤ ਆਊਟਰੀਚ ਦਾ ਸੰਚਾਲਨ ਕਰਨਗੇ। ਵਿੰਡਸਰ ਗਰੁੱਪ ਸੰਯੁਕਤ ਰਾਜ ਦੇ ਪੂਰਬੀ ਖੇਤਰਾਂ ਵਿੱਚ ਕਿਸਾਨਾਂ ਨੂੰ ਸੇਵਾ ਦਿੰਦਾ ਹੈ ਅਤੇ ਅਨਾਲੀਟਿਕ ਅਕੁਸਿਸ਼ਨਸ ਪੱਛਮੀ ਖੇਤਰਾਂ ਨੂੰ ਸੇਵਾ ਦਿੰਦਾ ਹੈ । ਇੱਕ ਕੌਮੀ ਪ੍ਰਸ਼ਾਸ਼ਕ, ਮਿਡਟਾਊਨ ਗਰੁੱਪ, ਪ੍ਰੋਗਰਾਮ ਦੀ ਨਿਗਰਾਨੀ ਅਤੇ ਅਖੰਡਤਾ ਵਾਸਤੇ ਜ਼ਿੰਮੇਵਾਰ ਹੈ, ਅਤੇ ਉਹ ਇੱਕ ਕੌਮੀ ਕਾਲ-ਸੈਂਟਰ ਦੀ ਆਗਵਾਨੀ ਕਰੇਗਾ, ਅਰਜ਼ੀ ਵੈੱਬਸਾਈਟ – 22007apply.gov ਦਾ ਸੰਚਾਲਨ ਕਰੇਗਾ, ਜੋ ਕਿ ਹੁਣ ਖੁੱਲ੍ਹੀ ਹੈ – ਅਤੇ ਅਰਜ਼ੀਆਂ ਅਤੇ ਭੁਗਤਾਨਾਂ ਦੀ ਸਮੀਖਿਆ ਅਤੇ ਇਹਨਾਂ ਤੇ ਕਾਰਵਾਈ ਕਰੇਗਾ। ਸਾਰੇ ਵਿਕਰੇਤਾਵਾਂ ਨੂੰ ਪੇਸ਼ੇਵਰ ਸੇਵਾਵਾਂ, ਸਰਕਾਰੀ ਇਕਰਾਰਨਾਮਿਆਂ ਦਾ ਸਮਰਥਨ ਕਰਨ, ਅਤੇ ਗੁੰਝਲਦਾਰ ਪ੍ਰੋਗਰਾਮ ਦੇ ਸੰਚਾਲਨ ਦਾ ਤਜ਼ਰਬਾ ਹੈ।

1 ਮਾਰਚ, 2023 ਨੂੰ, USDA ਨੇ ਇਸ ਬਾਰੇ ਸ਼ੁਰੂਆਤੀ ਵੇਰਵੇ ਸਾਂਝੇ ਕੀਤੇ ਕਿ ਸੈਕਸ਼ਨ 22007 ਪ੍ਰੋਗਰਾਮ ਕਿਵੇਂ ਕੰਮ ਕਰੇਗਾ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਮਹਿੰਗਾਈ ਕਟੌਤੀ ਐਕਟ ਇਹ ਦੱਸਦਾ ਹੈ ਕਿ ਖੇਤੀਬਾੜੀਸਕੱਤਰ USDA ਦੁਆਰਾ ਤੈਅ ਕੀਤੇ ਮਿਆਰਾਂ ਤਹਿਤ, ਯੋਗਤਾ ਪ੍ਰਾਪਤ ਗੈਰ-ਸਰਕਾਰੀ ਸੰਸਥਾਵਾਂ ਰਾਹੀਂ ਇਹ ਸਹਾਇਤਾ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। USDA ਨੇ ਮਈ ਵਿੱਚ ਵਿਕਰੇਤਾਵਾਂ ਅਤੇ ਸਹਿਯੋਗੀਆਂ ਨਾਲ ਸਮਝੌਤੇ ਵਿੱਚ ਸ਼ਾਮਿਲ ਹੋਏ।

ਅੱਜ ਖੁੱਲ੍ਹ ਰਹੇ ਡਿਸਕ੍ਰਿਮੀਨੇਸ਼ਨ ਫਾਇਨੈਨਸ਼ੀਅਲ ਅੱਸੀਸਟੈਂਸ ਪ੍ਰੋਗਰਾਮ (DFAP) ਤੋਂ ਇਲਾਵਾ, ਮਹਿੰਗਾਈ ਕਟੌਤੀ ਐਕਟ (Inflation Reduction Act) ਨੇ ਕਈ ਹੋਰ ਪ੍ਰੋਗਰਾਮਾਂ ਦੀ ਸਿਰਜਣਾ ਵੀ ਕੀਤੀ ਜੋ USDA ਨੂੰ ਵਿਸ਼ਵਾਸ ਦਾ ਪੁਨਰ-ਨਿਰਮਾਣ ਕਰਨ, ਪ੍ਰਣਾਲੀਗਤ ਮੁੱਦਿਆਂ ਨੂੰ ਹੱਲ ਕਰਨ ਅਤੇ ਉਹਨਾਂ ਲੋਕਾਂ ਦੀ ਸੇਵਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਰਹੇ ਹਨ ਜਿੰਨ੍ਹਾਂ ਨੂੰ ਅਤੀਤ ਵਿੱਚ USDA ਦੁਆਰਾ ਘੱਟ ਸੇਵਾਵਾਂ ਦਿੱਤੀਆਂ ਗਈਆਂ ਹੋ ਸਕਦੀਆਂ ਹਨ। USDA ਦੇ ਬਰਾਬਰਤਾ ਏਜੰਡੇ ਅਤੇ ਪ੍ਰਗਤੀ ਬਾਰੇ ਜਾਣਕਾਰੀ https://www.usda.gov/equity ਤੇ ਉਪਲਬਧ ਹੈ।

ਇਸ ਪ੍ਰੋਗਰਾਮ ਨੂੰ ਬਣਾਉਣ ਵੇਲੇ, USDA ਕੁਝ ਵਕੀਲਾਂ ਅਤੇ ਸਮੂਹਾਂ ਤੋਂ ਜਾਣੂ ਹੋ ਰਿਹਾ ਹੈ ਜੋ ਵਿਤਕਰਾ ਸਹਾਇਤਾ ਪ੍ਰਕਿਰਿਆ ਬਾਰੇ ਗੁੰਮਰਾਹਕੁੰਨ ਜਾਣਕਾਰੀ ਫੈਲਾ ਰਹੇ ਹਨ, ਅਤੇ ਲੋਕਾਂ ਨੂੰ ਰਿਟੇਨਰ ਸਮਝੌਤਿਆਂ ਤੇ ਦਸਤਖਤ ਕਰਨ ਲਈ ਦਬਾਅ ਪਾ ਰਹੇ ਹਨ, ਅਤੇ ਲੋਕਾਂ ਨੂੰ ਨਿੱਜੀ ਅਤੇ ਸੰਵੇਦਨਸ਼ੀਲ ਜਾਣਕਾਰੀ ਨਾਲ ਫਾਰਮ ਭਰਨ ਲਈ ਕਹਿ ਰਹੇ ਹਨ। ਅੱਜ ਤੋਂ, ਅਧਿਕਾਰਤ ਅਰਜ਼ੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਅਰਜ਼ੀ ਭਰਨਾ **ਮੁਫਤ** ਹੈ।

USDA ਦੁਆਰਾ ਜਾਂ ਯੂਨਾਈਟਡ ਸਟੇਟਸ ਦੇ ਕਿਸੇ ਹੋਰ ਅਦਾਰੇ ਜਾਂ ਵਿਭਾਗ ਦੁਆਰਾ ਬਿਨੈਕਾਰਾਂ ਜਾਂ ਉਹਨਾਂ ਦੇ ਵਕੀਲਾਂ ਨੂੰ ਕਿਸੇ ਵੀ ਅਟਾਰਨੀ ਦੀਆਂ ਫੀਸਾਂ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ। ਵਿੱਤੀ ਸਹਾਇਤਾ ਦੀ ਰਕਮ ਉਹਨਾਂ ਦਾਅਵੇਦਾਰਾਂ ਵਾਸਤੇ ਨਹੀਂ ਵਧਾਈ ਜਾਵੇਗੀ ਜਿੰਨ੍ਹਾਂ ਦੀ ਪ੍ਰਤੀਨਿਧਤਾ ਕਿਸੇ ਅਟਾਰਨੀ ਦੁਆਰਾ ਕੀਤੀ ਜਾਂਦੀ ਹੈ। ਬਿਨੈਕਾਰਾਂ ਨੂੰ ਕਿਸੇ ਅਟਾਰਨੀ ਨੂੰ ਰੱਖਣ ਦੀ ਲੋੜ ਨਹੀਂ ਹੈ। USDA, ਕੌਮੀ ਪ੍ਰਸ਼ਾਸਕ, ਅਤੇ ਖੇਤਰੀ ਕੇਂਦਰ ਵਿਕਰੇਤਾ ਨਾ ਤਾਂ ਇਹ ਸਿਫਾਰਸ਼ ਕਰਨਗੇ ਕਿ ਕੋਈ ਵੀ ਬਿਨੈਕਾਰ ਸਲਾਹ ਨੂੰ ਬਰਕਰਾਰ ਰੱਖੇ ਜਾਂ ਕਿਸੇ ਵਿਸ਼ੇਸ਼ ਅਟਾਰਨੀ ਜਾਂ ਕਨੂੰਨੀ ਫਰਮ ਨੂੰ ਰੱਖੇ, ਨਾ ਹੀ ਕਿਸੇ ਬਿਨੈਕਾਰ ਨੂੰ ਸਲਾਹ ਪ੍ਰਾਪਤ ਕਰਨ ਜਾਂ ਕਿਸੇ ਵਿਸ਼ੇਸ਼ ਅਟਾਰਨੀ ਜਾਂ ਕਨੂੰਨੀ ਫਰਮ ਦੀ ਵਰਤੋਂ ਕਰਨ ਤੋਂ ਨਿਰਉਤਸ਼ਾਹਿਤ ਕਰੇਗਾ। ਵਧੇਰੇ ਜਾਣਕਾਰੀ ਵਾਸਤੇ, ਪ੍ਰੋਗਰਾਮ ਦੀ ਸਮਾਂ-ਸੀਮਾ ਅਤੇ ਸੰਭਾਵੀ ਘੋਟਾਲਿਆਂ ਤੋਂ ਰੱਖਿਆ ਕਰਨ ਦੇ ਤਰੀਕਿਆਂ ਬਾਰੇ ਸਾਡੀ ਫੈਕਟ ਸ਼ੀਟ ਪੜ੍ਹੋ।

USDA ਹਰ ਰੋਜ਼ ਬਹੁਤ ਸਾਰੇ ਸਕਾਰਾਤਮਕ ਤਰੀਕਿਆਂ ਨਾਲ ਸਾਰੇ ਅਮਰੀਕੀਆਂ ਦੀਆਂ ਜ਼ਿੰਦਗੀਆਂ ਨੂੰ ਛੂੰਹਦਾ ਹੈ। ਬਾਈਡੇਨ-ਹੈਰਿਸ ਪ੍ਰਸ਼ਾਸਨ ਦੇ ਤਹਿਤ, USDA ਵਧੇਰੇ ਲਚਕੀਲੇ ਸਥਾਨਕ ਅਤੇ ਖੇਤਰੀ ਭੋਜਨ ਉਤਪਾਦਨ ਤੇ ਵਧੇਰੇ ਧਿਆਨ ਕੇਂਦਰਿਤ ਕਰਨ ਦੇ ਨਾਲ

ਅਮਰੀਕਾ ਦੀ ਭੋਜਨ ਪ੍ਰਣਾਲੀ ਨੂੰ ਬਦਲ ਰਿਹਾ ਹੈ, ਸਾਰੇ ਉਤਪਾਦਕਾਂ ਲਈ ਮੁਕਾਬਲੇ ਅਤੇ ਨਿਰਪੱਖ ਬਾਜ਼ਾਰਾਂ ਨੂੰ ਉਤਸ਼ਾਹਤ ਕਰ ਰਿਹਾ ਹੈ, ਸਾਰੇ ਭਾਈਚਾਰਿਆਂ ਵਿੱਚ ਸੁਰੱਖਿਅਤ, ਸਿਹਤਮੰਦ ਅਤੇ ਪੌਸ਼ਟਿਕ ਭੋਜਨ ਤੱਕ ਪਹੁੰਚ ਨੂੰ ਯਕੀਨੀ ਬਣਾ ਰਿਹਾ ਹੈ, ਜਲਵਾਯੂ-ਸਮਾਰਟ ਭੋਜਨ ਅਤੇ ਜੰਗਲਾਤ ਅਭਿਆਸਾਂ ਦੀ ਵਰਤੋਂ ਕਰਕੇ ਕਿਸਾਨਾਂ ਅਤੇ ਉਤਪਾਦਕਾਂ ਲਈ ਨਵੇਂ ਬਾਜ਼ਾਰਾਂ ਅਤੇ ਆਮਦਨੀ ਦੀਆਂ ਧਾਰਾਵਾਂ ਦਾ ਨਿਰਮਾਣ ਕਰ ਰਿਹਾ ਹੈ, ਪੇਂਡੂ ਅਮਰੀਕਾ ਵਿੱਚ ਬੁਨਿਆਦੀ ਢਾਂਚੇ ਅਤੇ ਸਾਫ਼ ਊਰਜਾ ਸਮਰੱਥਾਵਾਂ ਵਿੱਚ ਇਤਿਹਾਸਕ ਨਿਵੇਸ਼ ਕਰਕੇ, ਅਤੇ ਪ੍ਰਣਾਲੀਗਤ ਰੁਕਾਵਟਾਂ ਨੂੰ ਦੂਰ ਕਰਕੇ ਅਤੇ ਅਮਰੀਕਾ ਦੇ ਵਧੇਰੇ ਪ੍ਰਤੀਨਿਧੀ ਕਾਰਜਬਲਾਂ ਦਾ ਨਿਰਮਾਣ ਕਰਕੇ ਵਿਭਾਗ ਵਿੱਚ ਨਿਰਪੱਖਤਾ ਪ੍ਰਤੀ ਵਚਨਬੱਧ ਹੋਣਾ। ਵਧੇਰੇ ਜਾਣਨ ਲਈ, https://www.usda.gov/ ਤੇ ਜਾਓ।

#

*USDA ਇੱਕ ਬਰਾਬਰ ਮੌਕਾ ਪ੍ਰਦਾਤਾ, ਰੁਜ਼ਗਾਰਦਾਤਾ, ਅਤੇ ਰਿਣਦਾਤਾ ਹੈ।*